Sai Ram Security & Placement Service, Office No-7, Value Home, Dhakoli, Zirakpur, Punjab (Registered Office: 74, Street No:2, Adras Colony, (Hisar-125001 Haryana)

# ਨੋਟਿਸ

ਸਾਂਈ ਰਾਮ ਸਕਿਊਰਟੀ ਅਤੇ ਪਲੇਸਮੇਂਟ ਸਰਵਿਸ ਵਲੋਂ ਨਿਰੋਲ ਆਊਟਸੋਰਸ ਡਰਾਈਵਰ ਦੀ ਅਸਾਮੀ ਲਈ ਉਮੀਦਵਾਰਾਂ ਦੇ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਵਿਸਥਾਰਪੂਰਵਕ ਨੋਟਿਸ ਸਾਂਈ ਰਾਮ ਸਕਿਊਰਟੀ ਅਤੇ ਪਲੇਸਮੇਂਟ ਦੀ ਵੈਬਸਾਈਟ http://jobs.srspr.co.in/job ਤੇ ਵੇਖਿਆ ਜਾ ਸਕਦਾ ਹੈ ਟਤੇ ਇਸੇ ਵੈਬਸਾਈਟ ਤੇ ਮਿਤੀ 28/8/24 ਨੂੰ 11:00 ਵਜੇ ਤੋ ਮਿਤੀ 10/9/24 ਨੂੰ 5:00 ਵਜੇ ਤੱਕ ਅਪਲਾਈ ਕੀਤਾ ਜਾ ਸਕਦਾ ਹੈ।

1. ਯੋਗਤਾ

(ੳ) ਉਮੀਦਵਾਰ 8ਵੀਂ ਜਮਾਤ ਪਾਸ ਜਾਂ ਉਚੇਰੀ ਵਿਦਿਅਕ ਯੋਗਤਾ ਰੱਖਦਾ ਹੋਵੇ।

(ਅ) ਆਨਲਾਈਨ ਬਿਨੈ-ਪੱਤਰ ਪੇਸ਼ ਕਰਨ ਦੀ ਆਖ਼ਰੀ ਮਿਤੀ ਨੂੰ ਉਮੀਦਵਾਰ ਕੋਲ 05 ਸਾਲ ਪੁਰਾਣਾ ਹੈਵੀ ਡਰਾਇਵਿੰਗ ਲਾਈਸੈਂਸ ਅਤੇ ਹੈਵੀਂ ਲਾਈਸੈਂਸ ਜਾਰੀ ਹੋਣ ਤੋਂ ਬਾਅਦ ਘੱਟੋ ਘੱਟ 03 ਸਾਲ ਦਾ ਡਰਾਈਵਿੰਗ ਤਜ਼ਰਬਾ ਹੋਣਾ ਲਾਜ਼ਮੀ ਹੈ।

(ੲ) ਉਮੀਦਵਾਰ ਦੀ ਉਮਰ 25 ਤੋਂ 45 ਸਾਲ ਜਨਰਲ ਕੈਟਾਗਰੀ, ਐਸ.ਸੀ/ਬੀ.ਸੀ. ਕੈਟਾਗਰੀ ਲਈ ਉਮਰ ਦੀ ਸਮਾਂ ਸੀਮਾਂ ਵਿਚ ਪੰਜਾਬ ਸਰਕਾਰ ਵੱਲੋ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਛੋਟ ਹੋਵੇਗੀ।

2. ਚੋਣ ਕਰਨ ਦੀ ਵਿਧੀ:

ਯੋਗ, ਪਾਏ ਜਾਣ ਵਾਲੇ ਉਮੀਦਵਾਰਾਂ ਨੂੰ ਡਰਾਈਵਰ ਪ੍ਰੈਕਟੀਕਲ ਟੈਸਟ ਪਾਸ ਕਰਨ ਲਾਜ਼ਮੀ ਹੋਵੇਗਾ।

3. ਅਸਾਮੀਆਂ ਅਤੇ ਪ੍ਰਬੰਧਨ ਅਨੁਸਾਰ ਨਿਯੁਕਤੀ ਦਾ ਸਥਾਨ:

ਚੋਣ ਕੀਤੇ ਗਏ ਉਮੀਦਵਾਰਾਂ ਨੂੰ ਵੱਖ ਵੱਖ ਸਟੇਸ਼ਨਾਂ ਦੇ ਉਪਰ ਉਹਨਾਂ ਵੱਲੋ ਦਿੱਤੀ ਗਈ ਤਰਜ਼ੀਹ ਦੇ ਆਧਾਰ ਤੇ ਨਿਯੁਕਤ ਕੀਤਾ ਜਾਵੇਗਾ ਅਤੇ ਜੇਕਰ ਚੁਣੇ ਹੋਏ ਉਮੀਦਵਾਰ ਵੱਲੋ ਆਪਣੀ ਹਾਜ਼ਰੀ ਰਿਪੋਰਟ ਤਹਿ ਕੀਤੇ ਗਏ ਸਥਾਨ ਅਤੇ ਸਮੇਂ ਅੰਦਰ ਨਹੀਂ ਦਿੱਤੀ ਜਾਂਦੀ ਤਾਂ ਉਮੀਦਵਾਰ ਦੀ ਚੋਣ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਰੱਦ ਸਮਝੀ ਜਾਵੇਗੀ।

4. ਉਜ਼ਰਤਾਂ:

(ੳ) ਚੁਣੇ ਗਏ ਡਰਾਈਵਰਾਂ ਨੂੰ ਸਮੇਂ ਸਮੇਂ ਤੇ ਲੇਬਰ ਕਮਿਸ਼ਨਰ, ਪੰਜਾਬ ਵੱਲੋ ਜਾਰੀ ਕੀਤੀਆਂ ਨੋਟੀਫਿਕੇਸ਼ਨ ਦੇ ਅਧਾਰ ਤੇ ਉਜ਼ਰਤਾ ਘੱਟੋ ਘੱਟ ਦਿੱਤੀਆਂ ਜਾਣਗੀਆਂ।

(ਅ) ਡਰਾਈਵਰ ਜੇਕਰ 01 ਦਿਨ ਵਿੱਚ 08 ਘੰਟੇ ਤੋਂ ਵੱਧ ਤੱਕ ਦੀ ਰੂਟ ਡਿਊਟੀ ਕਰਦਾ ਹੈ ਤਾਂ ਉਸ ਨੂੰ ਮੋਟਰ ਵਹੀਕਲ ਐਕਟ, 1961 ਤਹਿਤ ਓਵਰ ਟਾਈਮ ਦੀ ਅਦਾਇਗੀ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਜੇਕਰ ਡਰਾਈਵਰ ਆਪਣੇ ਸਦਰ ਮੁਕਾਮ ਜਾਂ ਸਟੇਸ਼ਨ ਤੋਂ ਬਾਹਰ ਠਹਿਰਦਾ ਹੈ ਤਾਂ ਉਸ ਨੂੰ ਰਾਤਰੀ ਭੱਤੇ ਦੀ ਅਦਾਇਗੀ ਕੀਤੀ ਜਾਵੇਗੀ।

(ੲ) ਚੁਣੇ ਗਏ ਡਰਾਈਵਰ ਹਫਤੇ ਵਿੱਚ ਇੱਕ ਦਿਨ ਦੀ ਰੈਸਟ ਦੇ ਹੱਕਦਾਰ ਹੋਣਗੇ।

ਨੋਟ: ਉਪਰੋਕਤ ਦਰਸਾਈਆਂ ਉਜ਼ਾਰਤਾਂ, ਸਰਕਾਰੀ ਸੂਚਨਾਵਾਂ ਨਿਯਮ ਕੋਈ ਵੀ ਐਕਟ ਹੋਏ ਇਕਰਾਰਨਾਮਾਂ ਦੇ ਅਧੀਨ ਹੋਣਗੀਆਂ

5. ਜ਼ਰੂਰੀ ਹਦਾਇਤਾਂ

(ੳ) ਉਮੀਦਵਾਰ ਵੱਲੋਂ ਅਪਲਾਈ ਕਰਨ ਸਮੇਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿਚ ਕੋਈ ਕਟਿੰਗ/ਓਵਰ ਰਾਈਟਿੰਗ ਜਾਂ ਦਸਤਾਵੇਜ਼ਾਂ ਵਿਚ ਕੋਈ ਵੀ ਛੇੜਛਾੜ ਪਾਈ ਗਈ ਜਾਂ ਗਲੱਤ/ਫਰਜ਼ੀ ਦਸਤਾਵੇਜ਼ ਪੇਸ਼ ਕੀਤੇ ਗਏ ਤਾਂ ਉਮੀਦਵਾਰ ਦਾ ਬਿਨੈ-ਪੱਤਰ ਮੁੱਢਲੇ ਤੌਰ ਤੇ ਰੱਦ ਕੀਤਾ ਜਾਵੇਂਗਾ।

(ਅ) ਉਮੀਦਵਾਰ ਕਿਸੇ ਵੀ ਸਟੇਟ ਟਰਾਂਸਪੋਰਟ ਵੱਲੋ ਬਲੈਕ ਲਿਸਟ ਨਹੀਂ ਹੋਣਾ ਚਾਹੀਦਾ ਹੈ।

(ੲ) ਉਮੀਦਵਾਰ ਨੂੰ ਸੂਚਿਤ ਕੀਤਾ ਜਾਂਦਾ ਹੈਕਿ ਇਹ ਅਸਾਮੀਆਂ ਪੂਰਨ ਰੂਪ ਤੇ ਬਾਹਰੀ ਸੰਸਥਾਂ/ਆਊਟਸੋਰਸ ਬੇਸਿਜ) ਰਾਂਹੀ ਹੋਵੇਗੀ।

6. ਅਪਲਾਈ ਕਰਨ ਦੀ ਵਿਧੀ:

(ੳ) ਉਮੀਦਵਾਰ ਮੈਸ:ਸਾਂਈ ਰਾਮ ਸਕਿਊਰਟੀ ਅਤੇ ਪਲੇਸਮੈਂਟ ਦੀ ਵੈਬਸਾਈਟ "http://jobs.srspr.co.in/job ਤੇ ਜਾ ਕੇ ਡਰਾਈਵਰ ਦੀ ਅਸਾਮੀ ਲਈ ਅਪਲਾਈ ਕਰ ਸਕਦਾ ਹੈ।

(ਅ) ਉਮੀਦਵਾਰ ਨੂੰ ਲੋੜੀਂਦੀ ਅਸਾਮੀ ਲਈ ਅਪਲਾਈ ਕਰਨ ਲਈ ਵੈਬਸਾਈਟ ਖੋਲ੍ਹਕੇ (Apply now) ਦੇ ਉਪਰ ਕਲਿੱਕ ਕਰਨਾ ਹੋਵੇਗਾ।

(ੲ) ਉਮੀਦਵਾਰ ਵੱਲੋਂ ਆਪਣਾ ਮੋਬਾਇਲ ਨੰਬਰ ਭਰਨਾ ਜ਼ਰੂਰੀ ਹੈ ਅਤੇ ਇਹ ਮੋਬਾਇਲ ਨੰਬਰ ਕਿਸੇ ਵੀ ਕਾਰਨ ਕਰਕੇ ਬਦਲਿਆ ਨਹੀਂ ਜਾ ਸਕਦਾ ਹੈ।

(ਸ) ਉਮੀਦਵਾਰ ਵੱਲੋਂ ਅਰਜ਼ੀ ਭਰਨ ਤੋਂ ਪਹਿਲਾਂ ਅਸਲ ਦਸਤਾਵੇਜ਼ ਜਿਵੇਂ ਕਿ ਮਿਡਲ ਜਾਂ ਉਚੇਰੀ ਸਿਖਿਆ ਦੇ ਸਰਟੀਫਿਕੇਟ, ਯੋਗ ਡਰਾਈਵਰ ਲਾਈਸੈਂਸ, ਅਧਾਰ ਕਾਰਡ, ਐਸ.ਸੀ./ਬੀ.ਸੀ. ਦੇ ਸਰਟੀਫਿਕੇਟ (ਜੇਕਰ ਲਾਗੂ ਹੋਵੇ) ਨਵੀਨਤਮ ਪਾਸਪੋਰਟ ਸਾਈਜ਼ ਫੋਟੋਗ੍ਰਾਫ (ਬੈਕਸਾਈਡ ਸਫੇਦ ਰੰਗ ਦੀ ਹੋਣੀ ਲਾਜ਼ਮੀ) ਨੂੰ ਫਾਈਲ ਫਾਰਮੈਟ ਜੇ.ਪੀ.ਜੀ./ਪੀ.ਐਨ.ਜੀ. ਵੱਧ ਤੋਂ ਵੱਧ 200 ਕੇ.ਬੀ.ਵਿੱਚ ਤਿਆਰ ਰੱਖਣਾ ਜ਼ਰੂਰੀ ਹੋਵੇਗਾਂ।

(ਹ) ਇਸ ਤੋਂ ਬਾਅਦ ਉਮੀਦਵਾਰ ਵੱਲੋਂ ਲੋੜੀਂਦੀ ਜਾਣਕਾਰੀ ਭਰੀ ਜਾਵੇਗੀ ਅਤੇ ਲੋੜੀਂਦੇ ਦਸਤਾਵੇਜ਼ਾਂ ਨੂੰ ਨਿਰਧਾਰਿਤ ਤਰੀਕੇ ਰਾਂਹੀ ਵੈਬਸਾਈਟ ਉਪਰ ਅਪਲੋਡ ਕੀਤਾ ਜਾਵੇਗਾ।

(ਕ) ਇਸ ਤੋਂ ਬਾਅਦ ਉਮੀਦਵਾਰ ਵੱਲੋਂ ਘੋਸ਼ਣਾ ਨੂੰ ਸਵੀਕਾਰ ਕਰਨ (Accept) ਲਈ ਜਮਾਂ ਕਰਨ ਵਾਲੇ ਸਬਮਿਟ ਕਰਨ (Submit) ਵਾਲੇ ਬਟਨ ਨੂੰ ਦਬਾਇਆ ਜਾਵੇਗਾ।

(ਖ) ਇਸ ਉਪਰੰਤ ਸਕਰੀਨ ਉਪਰ ਸਿਸਟਮ ਵਲੋਂ ਅਰਜ਼ੀ ਭਰਨ ਦੀ ਪੁਸ਼ਟੀ ਦਾ ਸਨੇਹਾ ਆਏਗਾ, ਜਿਸ ਨੂੰ ਉਮੀਦਵਾਰ ਨੋਟ ਕਰ ਸਕਦਾ ਹੈ ਜਾਂ ਪ੍ਰਿੰਟ ਕਰ ਸਕਦਾ ਹੈ (CTRL+P).

7. ਐਪਲੀਕੇਸ਼ਨ ਫਾਈਲ ਕਰਨ ਦੀ ਪੁਸ਼ਟੀ ਲਈ ਸਕਰੀਨ ਤੇ ਪ੍ਰਦਰਸ਼ਿਤ ਕੀਤਾ ਗਿਆ ਹੈ ਅਤੇ ਸਥਾਨ, ਅਰਜ਼ੀ, ਮਿਤੀ ਆਦਿ ਦਾ ਫਾਰਮ ਭਰਨ ਵੇਲੇ ਹਦਾਇਤਾ:

(ੳ) ਜਦੋਂ ਤੱਕ ਭਰਤੀ ਪ੍ਰੀਕ੍ਰਿਆ ਪੂਰੀ ਨਹੀਂ ਹੋ ਜਾਂਦੀ ਉਸ ਸਮੇਂ ਤੱਕ ਉਮੀਦਵਾਰ ਵਲੋਂ ਆਪਣਾ ਮੋਬਾਇਲ ਨੰਬਰ ਨਹੀਂ ਬਦਲਿਆ ਜਾਵੇ।

(ਅ) ਉਮੀਦਵਾਰ ਵੱਲੋਂ ਨੋਟਿਸ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਅਤੇ ਅਰਜ਼ੀ ਨੂੰ ਪੂਰਨ ਧਿਆਨ ਨਾਲ ਭਰਕੇ ਜਮ੍ਹਾਂ ਕੀਤਾ ਜਾਵੇ। ਇਕ ਵਾਰ ਅਰਜ਼ੀ ਜਮਾਂ ਹੋਣ ਤੋਂ ਬਾਅਦ ਉਸ ਵਿੱਚ ਕੋਈ ਵੀ ਬਦਲਾਓ/ਸੋਧ ਨਹੀਂ ਕੀਤੀ ਜਾ ਸਕਦੀ।

(ੲ) ਅਰਜ਼ੀ ਫਾਰਮ ਭਰਦੇ ਸਮੇਂ ਅਪਲੋਡ ਕੀਤੇ ਜਾਣ ਵਾਲੇ ਦਸਤਾਵੇਜ਼ ਸਪਸ਼ਟ ਅਤੇ ਪੜ੍ਹਨਯੋਗ ਹੋਣੇ ਚਾਹੀਦੇ ਹਨ।

(ਸ) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈਕਿ ਅਰਜ਼ੀ ਭਰਨ ਲਈ ਸਿਰਫ ਕੰਪਿਊਟਰ ਦੀ ਵਰਤੋਂ ਕੀਤੀ ਜਾਵੇ। ਮੋਬਾਇਲ/ਐਂਡਰਾਇਡ ਫੋਨ/ਆਈ.ਫੋਨ ਆਦਿ ਦੀ ਵਰਤੋਂ ਨਾ ਕੀਤੀ ਜਾਵੇ। ਜੇਕਰ ਉਮੀਦਵਾਰ ਵਲੋਂ ਮੋਬਾਇਲ/ਐਂਡਰਾਇਡ ਫੋਨ/ਆਈ.ਫੋਨ ਆਦਿ ਦੀ ਵਰਤੋਂ ਕਰਕੇ ਅਰਜ਼ੀ ਭਰੀ ਜਾਂਦੀ ਹੈ ਅਤੇ ਉਸ ਦੀ ਅਰਜ਼ੀ ਕਿਸੇ ਵੀ ਕਾਰਨ ਕਰਕੇ ਜਮਾਂ ਨਹੀਂ ਹੁੰਦੀ ਤਾਂ ਉਸ ਦੀ ਜਿੰਮੇਵਾਰੀ ਸੰਸਥਾ ਦੀ ਨਹੀਂ ਹੋਵੇਗੀ ।

(ਹ) ਇਸ ਤੋਂ ਇਲਾਵਾ ਸੰਸਥਾ ਕੋਲ ਕਿਸੇ ਵੀ ਅਰਜੀ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਜਾਂ ਫਿਰ ਭਰਤੀ ਦੀ ਪ੍ਰੀਕ੍ਰਿਆ ਨੂੰ ਪੂਰਨ ਤੌਰ ਤੇ ਖਾਰਜ਼ ਕਰਨ ਦਾ ਰਾਂਖਵਾਂ ਅਧਿਕਾਰ ਹੋਵੇਗਾ। ਇਸ ਸੰਸਥਾ ਵੱਲੋ ਕੋਈ ਵੀ ਸਪਸ਼ਟੀਕਰਨ ਨਹੀਂ ਦਿੱਤਾ ਜਾਵੇਗਾ ਅਤੇ ਕਿਸੇ ਤਰ੍ਹਾਂ ਦੇ ਦਾਅਵੇ ਨੂੰ ਪੂਰਨ ਤੋਰ ਤੇ ਖ਼ਾਰਜ਼ ਕੀਤਾ ਜਾਵੇਗਾ।

ਸਥਾਨ:

ਮਿਤੀ: ਮੈਸ:ਸਾਂਈ ਰਾਮ ਸਕਿਊਰਟੀ ਅਤੇ ਪਲੇਸਮੇਂਟ ।